ਪੰਜਾਬ ਸਕੂਲ ਸਿੱਖਿਆ ਬੋਰਡ

ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵਿਦਿਆਰਥੀ ਦੂਜੇ ਰਾਜ/ਬੋਰਡਾਂ ਤੋਂ ਅੱਠਵੀਂ/ ਦਸਵੀਂ ਸ਼੍ਰੇਣੀ ਪਾਸ ਕਰਕੇ ਆਏ ਸਨ ਅਤੇ ਉਹਨਾਂ ਵਿਦਿਆਰਥੀਆਂ ਦੀ ਸਕੂਲਾਂ ਵੱਲੋਂ ਸਾਲ/ਸੈਸ਼ਨ 2018-19 ਲਈ ਐਨ-2 ਫਾਰਮ (ਨੌਵੀਂ ਸ਼੍ਰੇਣੀ) ਅਤੇ ਈ-2 ਫਾਰਮ (ਗਿਆਰਵੀਂ ਸ਼੍ਰੇਣੀ) ਵਿੱਚ ਆਨ-ਲਾਈਨ ਐਂਟਰੀ ਕੀਤੀ ਹੈ। ਜਿਹੜੇ ਵਿਦਿਆਰਥੀਆਂ ਦੇ ਆਨ-ਲਾਈਨ ਰਜਿਸਟਰੇਸ਼ਨ ਨੰਬਰ ਲਗਾਉਣ ਲਈ ਦਸਤਾਵੇਜ਼ ਪ੍ਰਾਪਤ ਹੋਏ ਸਨ, ਉਹਨਾਂ ਨੂੰ ਰਜਿਸਟਰੇਸ਼ਨ ਨੰਬਰ ਲਗਾ ਦਿੱਤੇ ਹਨ। ਪ੍ਰੰਤੂ ਫਿਰ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵੱਲੋਂ ਨੌਵੀਂ/ਗਿਆਰਵੀਂ ਸ਼੍ਰੇਣੀ ਵਿੱਚ ਰਜਿਸਟਰੇਸ਼ਨ ਨੰਬਰ ਲਗਵਾਉਣ ਲਈ ਰਜਿਸਟਰੇਸ਼ਨ ਸ਼ਾਖਾ ਵੱਲੋਂ ਆਨ-ਲਾਈਨ ਲਗਾਈਆਂ ਤਰੁੱਟੀਆਂ ਦੇ ਬਾਵਜੂਦ ਵੀ ਅਜੇ ਤੱਕ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜ਼ ਰਜਿਸਟਰੇਸ਼ਨ ਸ਼ਾਖਾ ਵਿੱਚ ਨਹੀਂ ਜਮ੍ਹਾਂ ਕਰਵਾਏ ਗਏ।

ਜਿਹੜੇ ਵਿਦਿਆਥੀਆਂ ਦੇ ਰਜਿਸਟਰੇਸ਼ਨ ਨੰਬਰ ਲਗਵਾਉਣ ਲਈ ਦਸਤਾਵੇਜ਼ ਨਹੀ ਭੇਜੇ ਗਏ ਹਨ, ਉਹ ਮਿਤੀ 30/04/2019 ਤੱਕ ਰਜਿਸਟਰੇਸ਼ਨ ਸ਼ਾਖਾ ਵਿੱਚ ਆਨ-ਲਾਈਨ ਲਗਾਈਆਂ ਤਰੁੱਟੀਆਂ ਦੇ ਅਨੁਸਾਰ ਦਸਤਾਵੇਜ਼ ਭੇਜ ਕੇ ਰਜਿਸਟਰੇਸ਼ਨ ਨੰਬਰ ਲਗਵਾਉਣ ਦੀ ਖੇਚਲ ਕਰਨ। ਮਿੱਥੀ ਮਿਤੀ ਤੋਂ ਬਾਅਦ 500/- ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ ਲਈ ਜਾਵੇਗੀ। ਜਿਹੜੇ ਸਕੂਲ ਸਮੇਂ-ਸਿਰ ਰਜਿਸਟਰੇਸ਼ਨ ਨੰਬਰ ਲਗਾਉਣ ਲਈ ਫਾਰਮ ਅਨੁਸਾਰ ਦਸਤਾਵੇਜ਼ ਪੇਸ਼ ਨਹੀਂ ਕਰਨਗੇ, ਉਹਨਾਂ ਵਿਦਿਆਰਥੀਆਂ ਦੇ ਵੇਰਵੇ ਅਗਲੀ ਸ਼੍ਰੇਣੀ ਐਮ-1 ਫਾਰਮ (ਦਸਵੀਂ) ਅਤੇ ਟੀ-1 ਫਾਰਮ (ਬਾਰ੍ਹਵੀਂ) ਵਿੱਚ ਦਰਜ ਨਹੀਂ ਹੋਣਗੇ। ਦੇਰੀ ਦੀ ਸਮੂਹ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਸਕੱਤਰ